ਵਿਦੇਸ਼ਾਂ ਦੀਆਂ ਸਮੂਹ ਸੰਗਤਾਂ ਵਲੋਂ ਬਾਬਾ ਠਾਕੁਰ ਸਿੰਘ ਜੀ ਦਾ ਬਹੁਤ ਬਹੁਤ ਧੰਨਵਾਦ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਸਮ ਪਿਤਾ ਜੀ ਨੇ ਸਾਬੋ ਕੀ ਤਲਵੰਡੀ ਦਮਦਮਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸੰਮਤ 1762 ਕੱਤਕ ਸੁਦੀ ਪੂਰਨਮਾਸ਼ੀ ਤੋ ਆਰੰਭ ਕਰਕੇ 1763 ਬਿਕਰਮੀ 23 ਭਾਦਰੋ ਤੱਕ ਸਿੰਘਾਂ ਨੂੰ ਅਰਥ ਪੜ੍ਹਾਏ। ਉਸ ਸਮੇਂ ਗੁਰੂ ਸਾਹਿਬ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਅਤੇ ਬਾਬਾ ਦੀਪ ਸਿੰਘ ਜੀ ਨੂੰ ਅੱਗੇ ਸਿੱਖ ਸੰਗਤਾਂ ਨੂੰ ਅਰਥ ਪੜ੍ਹਾਉਣ ਲਈ ਸੇਵਾ ਲਾਈ। ਭਾਈ ਮਨੀ ਸਿੰਘ ਜੀ ਸੇਵਾਦਾਰ ਥਾਪੇ ਗਏ ਅੰਮ੍ਰਿਤਸਰ ਅਤੇ ਬਾਬਾ ਦੀਪ ਸਿੰਘ ਜੀ ਦਮਦਮਾ ਸਾਹਿਬ। ਇਹ ਦੋਵੇਂ ਟਕਸਾਲਾਂ ਸ਼ਹੀਦ ਬਾਬਿਆਂ ਬ੍ਰਹਮ ਗਿਆਨੀ ਮਹਾਂਪੁਰਖਾਂ ਦੁਆਰਾ ਚਲਦੀਆਂ ਆ ਰਹੀਆਂ ਹਨ। ਦਮਦਮੀ ਟਕਸਾਲ ਦੇ 14ਵੇਂ ਮੁਖੀ ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ, ਸਿੱਖ ਨੌਜਵਾਨਾਂ ਦੇ ਦਿਲਾਂ ਦੀ ਧੜਕਣ, ਸ਼ਹਿਨਸ਼ਾਹ ਸ਼ਕਤੀ, ਪੰਥ ਦੇ ਰੂਹੇ ਰਵਾਂ, ਬਾਬਾ-ਏ-ਕੌਮ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਸਨ। ਆਪ ਜੀ ਨੇ ਸਿੱਖ ਕੌਮ ਦੇ ਗਲੋਂ ਗੁਲਾਮੀ ਦੀਆਂ ਜੰਜੀਰਾਂ ਕੱਟਣ ਵਾਸਤੇ ਧਰਮ ਯੁੱਧ ਮੋਰਚਾ 1982 ਵਿੱਚ ਆਰੰਭ ਕਰਕੇ ਸ੍ਰੀ ਅੰਮ੍ਰਿਤਸਰ ਵਿਖੇ ਨਿਵਾਸ ਕਰ ਲਿਆ ਸੀ। ਤਾਂ ਉਸ ਵੇਲੇ ਸਤਿਕਾਰ ਯੋਗ ਬਾਬਾ ਠਾਕੁਰ ਸਿੰਘ ਜੀ ਨੂੰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਦੀ ਸੇਵਾ ਸੌਂਪ ਦਿੱਤੀ ਗਈ। ਅਤੇ ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਮਹਾਂਪੁਰਖ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਗੈਰ ਹਾਜ਼ਰੀ ਵਿੱਚ ਦਮਦਮੀ ਟਕਸਾਲ ਵਲੋਂ ਕੀਤੇ ਜਾ ਰਹੇ ਪ੍ਰਚਾਰ ਨੂੰ ਨਿਰੰਤਰ ਜਾਰੀ ਰੱਖਿਆਂ ਹੋਇਆਂ, ਵਿਦਿਆ ਪੜ੍ਹਾਉਣੀ ਅੰਮ੍ਰਿਤ ਸੰਚਾਰ ਕਰਨੇ ਅਤੇ ਕਥਾ, ਕੀਰਤਨ ਦੀ ਸੇਵਾ ਨੂੰ ਆਪ ਜੀ ਨੇ ਦੇਸ਼ਾਂ ਵਿਦੇਸ਼ਾਂ ਵਿੱਚ ਹਰ ਸ਼ਹਿਰ ਸਮਾਗਮਾਂ, ਗੋਸ਼ਟੀਆਂ, ਵਿਚ ਪਹੁੰਚ ਕੇ ਜਾਰੀ ਰੱਖਿਆ ਹੋਇਆ ਹੈ।

ਆਪਣਿਆਂ ਨੇ ਘਰ ਖਿਲਾਫ਼ ਅਤੇ ਇਮਾਨਦਾਰ ਸਮੇਂ ਭਾਈਚਾਰਕ ਸਾਂਝੀ ਨੂੰ ਖ਼ੋਰੇ
ਵਿਗਾੜ ਤੇ ਖ਼ੁਸ਼ਹਾਲ ਲੋਕ ਪਾਗਲ ਆਗੂ ਵਾਂਗ ਸੋਚਿਆ। ਜਿਸ ਵੇਲੇ ਬਾਬਾ
ਜੀ ਦੀ ਸਿਹਤ ਨਾ ਠੀਕ ਹੋਣ ਕਾਰਨ ਆਪ ਜੀ ਨੇ ਮਿਤੀ 17 ਜੂਨ 2003 ਨੂੰ ਗੁਰ:
ਗੁਰੂ ਨਾਨਕ ਪ੍ਰਕਾਸ਼ ਟਰੱਸਟ ਵੈਨਕੂਵਰੀਆਂ ਆਪਣਿਆਂ ਵਿਚ ਇਹਨਾਂ ਸਿੰਘਾਂ
ਦੀ ਹਾਜ਼ਰੀ ਵਿਚ, ਭਾਈ ਧਰਮ ਸਿੰਘ ਜੀ ਜਥੇਦਾਰ ਗੁਰੂ ਨਾਨਕ ਪ੍ਰਕਾਸ਼ ਟਰੱਸਟ
ਭਾਈ ਸੁਰਜੀਤ ਸਿੰਘ ਜੀ ਸੋਢੀ ਜਿਨ੍ਹਾਂ ਪਾਠ ਲਿਖੇ ਸਭ ਤੋਂ ਪੰਥ ਦੇ ਸਿੰਘਾਂ ਨੂੰ
ਪਹੁੰਚਾਉਣ ਦੀ ਸੇਵਾ ਨਿਭਾ ਰਹੇ ਹਨ, ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਭਾਈ ਸੁਖਵਿੰਦਰ ਸਿੰਘ
ਸੇਖਾ, ਭਾਈ ਪਾਲਾ ਸਿੰਘ ਬਾਬਾ ਜੀ ਦੇ ਗੜ੍ਹਵਾਲੀ, ਭਾਈ ਸੁਖਵਿੰਦਰ ਸਿੰਘ
ਪੰਧੂ, ਭਾਈ ਮਹਿੰਦਰ ਸਿੰਘ, ਭਾਈ ਸੋਹਣ ਸਿੰਘ ਰੋਪੜ ਜੀ ਸੂਰੀ ਗਰੀ,
ਭਾਈ ਨਿਸ਼ਾਨ ਸਿੰਘ, ਭਾਈ ਰਵਿੰਦਰ ਸਿੰਘ, ਭਾਈ ਜੋਗਿੰਦਰ ਸਿੰਘ ਗਾਜੇਵਾਲ,
ਭਾਈ ਦਲਜੀਤ ਸਿੰਘ, ਭਾਈ ਸੁਰਜੀਤ ਸਿੰਘ ਰਾਜੇਵਾਲ ਅਤੇ ਭਾਈ ਸਾਹਿਬ ਸਿੰਘ
ਜੁ: ਸੰਪ: ਦੇ: ਅਤੇ ਹੋਰ ਸੇਵਕਾਂ ਦੇ ਸਿੰਘਾਂ ਨੂੰ ਇੱਕਠੇ ਕਰਕੇ ਸ੍ਰੀ ਮਾਨ ਬਾਬਾ
ਠਾਕੁਰ ਸਿੰਘ ਜੀ ਨੇ ਕਿਹਾ ਹੋਕਾ ਸ੍ਰੀ ਮਾਨ ਸੰਤ ਗਿਆਨੀ ਜਰਨੈਲ ਸਿੰਘ
ਖਾਲਸਾ ਜੀ ਦੀ ਗੈਰ ਹਾਜ਼ਰੀ ਵਿਚ ਦਮਦਮੀ ਟਕਸਾਲ ਦੀ ਸਾਰੀ ਸੇਵਾ ਨਿਭਾਉਣ
ਦੀ ਜ਼ੁੰਮੇਵਾਰੀ ਸਿੰਘ ਸਾਹਿਬ ਗਿਆਨੀ ਰਾਮ ਸਿੰਘ ਜੀ ਨੂੰ ਸਿਰੋਪਾਉ ਦੇਕੇ
ਸੌਂਪ ਦਿਤੀ ਹੈ। ਅਤੇ ਬਾਬਾ ਜੀ ਨੇ ਪੰਥ ਦੇ ਸਾਰੇ ਸਿੰਘਾਂ ਅਤੇ ਸਮੂਹ ਸੰਗਤਾਂ
ਨੂੰ ਬੇਨਤੀ ਕੀਤੀ ਹੈ ਕਿ ਆਉਣਾਂ ਨੂੰ ਸਿੰਘ ਸਾਹਿਬ ਭਾਈ ਰਾਮ ਸਿੰਘ ਜੀ
ਦਾ ਪੂਰਾ ਸਹਿਯੋਗ ਦੇਣਾ ਹੈ। ਗਿਆਨੀ ਰਾਮ ਸਿੰਘ ਜੀ ਨੂੰ ਬਾਬਾ ਜੀ
ਨੇ ਇਹ ਵੀ ਬਚਨ ਕਹੇ ਕਿ ਪਰਿਵਾਰ ਦਾ ਮੋਹ ਛੱਡ ਕੇ ਪਹਿਲੇ
ਮਹਾਂਪੁਰਖਾਂ ਦੀ ਤਰਾਂ ਜਥੇ ਸੰਗਤ ਦੇ ਵਿਦਿਆਰਥੀਆਂ ਨੂੰ ਪੜ੍ਹਾਉਣ ਦੀ,
ਕਥਾ ਕਰਨੀ, ਅੰਮ੍ਰਿਤਸੰਚਾਰ ਕਰਨ ਕਰਾਉਣ ਅਤੇ ਹੋਰ ਸਾਰੀਆਂ
ਸੇਵਾਵਾਂ ਤਨਦੇਹੀ ਨਾਲ ਨਿਭਾਉਣ

ਅਤੇ ਜੱਥੇ ਸੰਗਤ ਦੇ ਸਹਯੋਗ, ਗੁ: ਗੁਰਦਰਸ਼ਨ ਪ੍ਰਕਾਸ਼ ਮਹਿਤਾ, ਗੁਰਦੁਆਰਾ ਅਸਮਸਤਪੁਰ, ਗੁਰਦੁਆਰਾ ਅਨੰਦ ਪੁਰ ਸਾਹਿਬ, ਗੁਰਦੁਆਰਾ ਨਾਨਕ ਪ੍ਰਕਾਸ਼ ਟਰੇਸੀ ਆਦਿਕ ਸਥਾਨਾਂ ਦੀ ਸੇਵਾ ਦੀ ਨਿਭਾਉਂਦੇ।

ਬਾਬਾ ਜੀ ਦੇ ਇਸ ਇਤਿਹਾਸਕ ਫੈਸਲੇ ਸਾਰੇ ਸਿੱਖਾਂ ਨੇ ਸੰਗਤਿਆਂ ਦੀ ਰੂਹ ਦਿਲੋਂ ਸਵਾਗਤ ਕੀਤਾ।

ਸੋ ਦਾਸ [redacted] ਜੱਥਾ ਸੰਗਤ ਅਤੇ ਸਾਰੀਆਂ ਸਿੱਖ ਸੰਗਤਾਂ ਦਾ ਫੈਸਲਾ ਹੈ ਕਿ ਆਓ ਬਾਬਾ ਜੀ ਦੇ ਬਚਨਾਂ ਦੀ ਪਾਲਣਾ ਕਰਦੇ ਹੋਏ ਸਿੰਘ ਸਾਹਿਬ ਗਿਆਨੀ ਰਾਮ ਸਿੰਘ ਜੀ ਨੂੰ ਹਰ ਪੱਖ ਤੋਂ ਪੂਰਨ ਸਹਿਯੋਗ ਦੇਈਏ। ਸਿੱਖ ਪੰਥ ਦੀ ਇਸ ਮਹਾਨ ਸਿਰਮੌਰ ਜਥੇਬੰਦੀ ਅਤੇ ਸਤਪੁਰਸ਼ ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਜੀ ਦੇ ਸੁਪਨਿਆਂ ਨੂੰ ਸਾਕਾਰ ਕਰੀਏ।

ਗੁਰੂ ਪੰਥ ਦਾ ਦਾਸ
ਭਾਈ ਮੁਖਤਿਆਰ ਸਿੰਘ ਮੁੱਖੀ
ਵਿਦਿਆਰਥੀ ਦਮਦਮੀ ਟਕਸਾਲ
ਸੈਕਰਾਮੈਂਟੋ ਅਮਰੀਕਾ।